ਪੰਜਾਬ ਪੁਲਿਸ ਅਕਾਦਮੀ ਫਿਲੌਰ ਵਿਖੇ ਟੇਲਰ ਮਾਸਟਰ ਦੀ ਇੱਕ ਦੁਕਾਨ ਨੂੰ ਠੇਕੇ ਪਰ ਦੇਣ ਸਬੰਧੀ ਕਿਰਾਏਦਾਰ ਹੇਠ ਲਿਖੇ ਅਨੁਸਾਰ ਸ਼ਰਤਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ।

| | |
|---|---|
| 1. | ਬੋਲੀ ਸ਼ੁਰੂ ਕਰਨ ਦੀ ਰਾਂਖਵੀ ਕੀਮਤ 5,000/-ਰੁਪਏ ਨਿਰਧਾਰਤ ਕੀਤੀ ਗਈ ਹੈ। |
| 2. | ਇਹ ਕਿਰਾਇਆ ਮਹੀਨਾਵਾਰ ਮਿਤੀ 15-09-2024 ਤੋਂ ਮਿਤੀ 14-09-2025 ਤੱਕ ਇਕ ਸਾਲ ਲਈ ਲਾਗੂ ਹੋਵੇਗਾ। |
| 3. | ਕਿਰਾਏਦਾਰ ਆਪਣਾ ਵੱਖਰਾ ਬਿਜਲੀ ਦਾ ਸਬ-ਮੀਟਰ ਲਗਵਾਉਣ ਦਾ ਜਿੰਮੇਵਾਰ ਹੋਵੇਗਾ। ਇਸ ਮੀਟਰ ਦੀ ਜੋ ਵੀ ਰੀਡਿੰਗ ਆਵੇਗੀ ਉਸ ਮੁਤਾਬਿਕ ਉਹ ਬਿੱਲ ਅਦਾ ਕਰਨ ਦਾ ਜਿੰਮੇਵਾਰ ਹੋਵੇਗਾ। ਬਿੱਲ ਮੁਤਾਬਿਕ ਬਣਦੀ ਰਕਮ ਦੀ ਅਦਾਇਗੀ ਮਹੀਨਾਵਾਰ ਕਿਰਾਏਦਾਰ ਵੱਲੋਂ ਲਾਈਨਜ਼ ਅਫਸਰ ਨੂੰ ਜਮਾਂ ਕਰਵਾਈ ਜਾਵੇਗੀ। |
| 4. | ਕਿਰਾਏਦਾਰ ਵੱਲੋਂ 03 ਮਹੀਨੇ ਦਾ ਕਿਰਾਇਆ ਬਤੌਰ ਸਕਿਉਰਟੀ ਐਡਵਾਂਸ ਜਮ੍ਹਾਂ ਕਰਵਾਇਆ ਜਾਵੇਗਾ, ਜੋ ਐਗਰੀਮੈਂਟ ਦਾ ਅਰਸਾ ਖਤਮ ਹੋਣ ਤੇ ਕਿਰਾਏਦਾਰ ਨੂੰ ਵਾਪਸ ਕੀਤਾ ਜਾਵੇਗਾ। |
| 5. | ਕਿਰਾਏਦਾਰ ਪ੍ਰਤੀ ਵਰਦੀ ਸਿਲਾਈ ਦਾ 1,000/-ਰੁਪਏ, (ਠੰਡੀ ਵਰਦੀ) 1,200/-ਰੁਪਏ (ਗਰਮ ਵਰਦੀ) ਅਤੇ ਸਿਵਲ ਦੀ ਪੈਂਟ-ਸ਼ਰਟ ਲਈ 800/-ਰੁਪਏ ਸਿਲਾਈ ਵਸੂਲ ਕਰੇਗਾ। |
| 6. | ਕਿਰਾਏਦਾਰ ਹਰੇਕ ਮਹੀਨੇ ਦੀ 07 ਤਰੀਕ ਤੱਕ ਮਹੀਨਾਵਾਰ ਕਿਰਾਇਆ ਲਾਈਨਜ਼ ਅਫਸਰ ਪੀਪੀਏ ਫਿਲੌਰ ਨੂੰ ਜਮ੍ਹਾ ਕਰਵਾਏਗਾ। |
| 7. | ਕਿਰਾਏਦਾਰ ਦੁਕਾਨ ਵਿੱਚ ਕਿਸੇ ਵੀ ਕਿਸਮ ਦੇ ਸਮਾਨ ਦੀ ਭੰਨ-ਤੋੜ ਨਹੀਂ ਕਰੇਗਾ। ਜੇਕਰ ਰਿਪੇਅਰ ਦੀ ਜ਼ਰੂਰਤ ਹੈ ਤਾਂ ਉਸ ਦੀ ਪ੍ਰਵਾਨਗੀ ਪੀਪੀਏ ਅਥਾਰਟੀ ਪਾਸੋ ਪਹਿਲਾਂ ਲਈ ਜਾਵੇਗੀ। |
| 8. | ਕਿਰਾਏਦਾਰ ਜਾਂ ਉਸਦੇ ਵਰਕਰ ਕਿਸੇ ਵੀ ਕਿਸਮ ਦਾ ਨਸ਼ਾ ਨਹੀ ਕਰਨਗੇ। |
| 9. | ਕਿਰਾਏਦਾਰ ਪੀਪੀਏ ਅਥਾਰਟੀ ਵੱਲੋਂ ਨਿਰਧਾਰਿਤ ਕੀਤੇ ਰੇਟਾਂ ਮੁਤਾਬਿਕ ਹੀ ਸਿਲਾਈ ਦਾ ਖਰਚਾ ਵਸੂਲ ਕਰੇਗਾ। |
| 10. | ਕਿਰਾਏ ਤੇ ਲਈ ਗਈ ਦੁਕਾਨ ਨੂੰ ਕਿਰਾਏਦਾਰ ਅੱਗੇ ਕਿਰਾਏ ਤੇ ਨਹੀਂ ਦੇਵੇਗਾ। |
| 11. | ਕਿਰਾਏਦਾਰ ਦੁਕਾਨ ਵਿੱਚ ਸਿਲਾਈ ਤੋ ਇਲਾਵਾ ਹੋਰ ਕੰਮ ਨਹੀ ਕਰੇਗਾ। |
| 12. | ਜੇਕਰ ਕਿਰਾਏਦਾਰ ਉਕਤ ਦਰਸਾਈਆਂ ਗਈਆਂ ਸ਼ਰਤਾਂ ਵਿੱਚੋਂ ਕਿਸੇ ਵੀ ਸ਼ਰਤ ਦੀ ਉਲੰਘਣਾ ਕਰੇਗਾ ਜਾਂ ਕੋਈ ਗੈਰ-ਕਾਨੂੰਨੀ ਕੰਮ ਕਰਦਾ ਪਾਇਆ ਗਿਆ ਤਾਂ ਉਸ ਨੂੰ ਬਿਨ੍ਹਾਂ ਕੋਈ ਨੋਟਿਸ ਦਿੱਤੇ ਦੁਕਾਨ ਖਾਲੀ ਕਰਵਾ ਲਈ ਜਾਵੇਗੀ। |
| 13. | ਠੇਕੇਦਾਰ ਵੱਲੋਂ ਕਿਸੇ ਵੀ ਸੂਰਤ ਵਿੱਚ ਲਿਆ ਗਿਆ ਠੇਕਾ ਅੱਧ-ਵਿਚਕਾਰ ਛੱਡਿਆ ਨਹੀ ਜਾਵੇਗਾ। ਅਗਰ ਉਹ ਠੇਕਾ ਛੱਡਣਾ ਚਾਹੁੰਦਾ ਹੈ ਤਾਂ ਉਸ ਨੂੰ ਪੂਰੇ ਸਾਲ ਦੇ ਠੇਕੇ ਦੀ ਰਕਮ ਦੀ ਅਦਾਇਗੀ ਕਰਨੀ ਪਵੇਗੀ। |